# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10**

**ਮਿਤੀ : 02-07-2025**

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅੱਜ ਘਾਨਾ, ਤ੍ਰਿਨੀਦਾਦ ਐਂਡ ਟੋਬੈਗੋ, ਅਰਜਨਟੀਨਾ, ਬ੍ਰਾਜ਼ੀਲ ਤੇ ਨਾਮੀਬੀਆ ਦੇ 5 ਦੇਸ਼ਾਂ ਦੇ ਦੌਰੇ 'ਤੇ ਰਵਾਨਾ ਹੋਣਗੇ। ਪਹਿਲੇ ਪੜਾਅ 'ਤੇ, ਪ੍ਰਧਾਨ ਮੰਤਰੀ ਮੋਦੀ ਘਾਨਾ ਦਾ ਦੌਰਾ ਕਰਨਗੇ। ਪ੍ਰਧਾਨ ਮੰਤਰੀ ਘਾਨਾ ਦੇ ਰਾਸ਼ਟਰਪਤੀ ਨਾਲ ਆਰਥਿਕਤਾ, ਊਰਜਾ, ਰੱਖਿਆ ਸਹਿਯੋਗ ਅਤੇ ਵਿਕਾਸ ਸਹਿਯੋਗ ਭਾਈਵਾਲੀ ਨੂੰ ਵਧਾਉਣ ਦੇ ਮੌਕਿਆਂ ਬਾਰੇ ਚਰਚਾ ਕਰਨਗੇ। ਅਧਿਕਾਰਤ ਯਾਤਰਾ ਦੇ ਦੂਜੇ ਪੜਾਅ ਵਿਚ, ਸ਼੍ਰੀ ਮੋਦੀ ਕੱਲ੍ਹ ਤੋਂ ਤ੍ਰਿਨੀਦਾਦ ਐਂਡ ਟੋਬੈਗੋ ਦਾ ਦੌਰਾ ਕਰਨਗੇ, ਜਿੱਥੇ ਉਹ ਇਸ ਟਾਪੂ ਦੇਸ਼ ਦੇ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਨਾਲ ਗੱਲਬਾਤ ਕਰਨਗੇ। ਸ਼ੁੱਕਰਵਾਰ ਤੋਂ ਸ਼ੁਰੂ ਹੋਣ ਵਾਲੀ ਅਧਿਕਾਰਤ ਯਾਤਰਾ ਦੇ ਤੀਜੇ ਪੜਾਅ ਵਿਚ, ਪ੍ਰਧਾਨ ਮੰਤਰੀ ਮੋਦੀ ਅਰਜਨਟੀਨਾ ਜਾਣਗੇ । ਯਾਤਰਾ ਦੇ ਚੌਥੇ

ਪੜਾਅ ਵਿਚ, ਪ੍ਰਧਾਨ ਮੰਤਰੀ 5 ਤੋਂ 8 ਜੁਲਾਈ ਤੱਕ ਬ੍ਰਾਜ਼ੀਲ ਦੀ ਯਾਤਰਾ ਕਰਨਗੇ, ਜਿੱਥੇ ਉਹ 17ਵੇਂ ਬ੍ਰਿਕਸ ਸੰਮੇਲਨ-2025 ਵਿਚ ਸ਼ਾਮਲ ਹੋਣਗੇ। ਇਸ ਯਾਤਰਾ ਦੇ ਆਖਰੀ ਪੜਾਅ ਵਿਚ, ਪ੍ਰਧਾਨ ਮੰਤਰੀ ਮੋਦੀ 9 ਜੁਲਾਈ ਨੂੰ ਨਾਮੀਬੀਆ ਦਾ ਦੌਰਾ ਕਰਨਗੇ।

---------------------------------------------------

ਜੰਮੂ ਤੇ ਕਸ਼ਮੀਰ ਦੇ ਉਪ ਰਾਜਪਾਲ ਮਨੋਜ ਸਿਨਹਾ ਨੇ **ਬਮ-ਬਮ ਭੋਲੇ** ਤੇ **ਹਰ-ਹਰ ਮਹਾਂਦੇਵ** ਦੇ ਜੈਕਾਰਿਆਂ ਦਰਮਿਆਨ ਅੱਜ ਸਵੇਰੇ ਜੰਮੂ ਦੇ ਭਗਵਤੀ ਨਗਰ ਯਾਤਰੀ ਨਿਵਾਸ ਬੇਸ ਕੈਂਪ ਤੋਂ ਅਮਰਨਾਥ ਯਾਤਰਾ ਦੇ ਪਹਿਲੇ ਜਥੇ ਨੂੰ ਰਵਾਨਾ ਕੀਤਾ। ਇਸ ਯਾਤਰਾ ਲਈ 5 ਹਜਾਰ ਸ਼ਰਧਾਲੂ ਰਵਾਨਾ ਹੋਏ ਨੇ, ਜਿਨ੍ਹਾਂ ਵਿੱਚੋਂ 2,400 ਤੋਂ ਵੱਧ ਯਾਤਰੂ ਬਾਲਟਾਲ ਰਸਤੇ ਰਾਹੀਂ ਤੇ 3,400 ਤੋਂ ਵੱਧ ਸ਼ਰਧਾਲੂ, ਅਨੰਤਨਾਗ ਰਾਹੀਂ ਪਵਿੱਤਰ ਗੁਫਾ ਤੱਕ ਪਹੁੰਚਣਗੇ। 3,880 ਮੀਟਰ ਦੀ ਉਚਾਈ 'ਤੇ ਸਥਿਤ ਅਮਰਨਾਥ ਧਾਮ ਦੀ 38 ਦਿਨ ਲੰਬੀ ਯਾਤਰਾ ਕੱਲ੍ਹ ਦੋਵਾਂ ਰਸਤਿਆਂ ਤੋਂ ਰਸਮੀ ਤੌਰ 'ਤੇ ਸ਼ੁਰੂ ਹੋਵੇਗੀ।

ਇਹ ਯਾਤਰਾ ਇਸੇ ਸਾਲ 9 ਅਗਸਤ ਨੂੰ ਸ਼੍ਰਵਣ ਪੂਰਨਿਮਾ ਦੇ ਮੌਕੇ 'ਤੇ ਸੰਪੂਰਨ ਹੋਵੇਗੀ। ਯਾਤਰਾ ਸੁਚਾਰੂ ਬਣਾਉਣ ਤੇ ਸੁਰੱਖਿਆ ਯਕੀਨੀ ਬਣਾਉਣ ਲਈ ਪੁਖ਼ਤਾ ਪ੍ਰਬੰਧ ਕੀਤੇ ਗਏ ਨੇ।

---

ਜਲੰਧਰ ਦੇ ਆਦਮਪੁਰ ਸਿਵਲ ਹਵਾਈ ਅੱਡੇ ਤੋਂ ਅੱਜ ਦੁਪਹਿਰ ਬਾਅਦ ਤੋਂ ਮੁੰਬਈ ਲਈ ਉਡਾਣਾਂ ਸ਼ੁਰੂ ਹੋਣ ਜਾ ਰਹੀਆਂ ਨੇ। ਹਵਾਈ ਅੱਡੇ ਦੇ ਡਾਇਰੈਕਟਰ ਪੁਸ਼ਪੇਂਦਰ ਨਿਰਾਲਾ ਨੇ ਦੱਸਿਆ ਕਿ ਮੁੰਬਈ ਲਈ ਇਹ ਉਡਾਣਾਂ ਇੰਡੀਗੋ ਏਅਰਲਾਈਨਜ਼ ਵੱਲੋਂ ਸ਼ੁਰੂ ਕੀਤੀਆਂ ਜਾ ਰਹੀਆਂ ਨੇ, ਜਿਹੜੀਆਂ ਕਿ ਰੋਜਾਨਾ ਬਾਅਦ ਦੁਪਹਿਰ 3 ਵਜ ਕੇ 50 ਮਿੰਟ ਉੱਤੇ ਰਵਾਨਾ ਹੋਇਆ ਕਰਨਗੀਆਂ। ਇਸ ਤੋਂ ਪਹਿਲਾਂ, ਮੁੰਬਈ ਦੇ ਛਤਰਪਤੀ ਸ਼ਿਵਾਜੀ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ 12 ਵਜ ਕੇ 55 ਮਿੰਟ ਉੱਤੇ ਆਦਮਪੁਰ ਲਈ ਉੱਡਿਆ ਜਹਾਜ਼ ਸਵਾ ਤਿੰਨ ਵਜੇ ਇੱਥੇ ਪੁੱਜੇਗਾ। ਉਸੇ ਜਹਾਜ਼ ਵਿਚ ਮੁਸਾਫ਼ਰ, ਮੁੰਬਈ ਲਈ ਉਡਾਣ ਭਰਨਗੇ। ਕੇਂਦਰ ਸਰਕਾਰ ਦੇ ਨਾਗਰਿਕ ਹਵਾਬਾਜੀ ਮੰਤਰਾਲੇ ਦੇ ਇਸ ਉਪਰਾਲੇ ਨਾਲ ਪੰਜਾਬ ਦੀ ਸਨਅਤ ਨੂੰ ਹੋਰ ਹੁਲਾਰਾ ਮਿਲਣ ਦੀ ਉਮੀਦ ਏ। ਆਦਮਪੁਰ ਤੋਂ ਮੁੰਬਈ

ਲਈ ਫਲਾਈਟ ਤੋਂ ਪਹਿਲਾਂ ਸਟਾਰ ਏਅਰਲਾਈਨਜ਼ ਵੱਲੋਂ ਨਾਂਦੇੜ ਤੇ ਬੈਂਗਲੁਰੂ ਲਈ ਤਕਰੀਬਨ ਇਕ ਸਾਲ ਤੋਂ ਹਵਾਈ ਆਵਾਜਾਈ ਸੁਚਾਰੂ ਢੰਗ ਨਾਲ ਜਾਰੀ ਏ।

---------------------------------------------------

ਪੰਜਾਬ ਦੇ ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਮਲੋਟ ਵਿਚ ਦਲਿਤ ਭਾਈਚਾਰੇ ਨਾਲ ਸਬੰਧਤ 505 ਪਰਿਵਾਰਾਂ ਨੂੰ ਤਕਰੀਬਨ 8 ਕਰੋੜ 72 ਲੱਖ ਰੁਪਏ ਦੀ ਰਕਮ ਦੇ **ਕਰਜ਼ਾ ਮੁਆਫ਼ੀ ਦੇ ਸਰਟੀਫਿਕੇਟ** ਵੰਡੇ। ਇਸ ਮੌਕੇ ਕੈਬਨਿਟ ਮੰਤਰੀ ਵੱਲੋਂ ਆਸ਼ੀਰਵਾਦ ਸਕੀਮ ਤਹਿਤ ਵੀ 140 ਲਾਭਪਾਤਰੀਆਂ ਨੂੰ 71.40 ਲੱਖ ਰੁਪਏ ਦੇ ਮਨਜ਼ੂਰੀ ਪੱਤਰ ਤਕਸੀਮ ਕੀਤੇ। ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਇਹ ਕਰਜਾ ਮੁਆਫ਼ੀ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਤੇ ਵਿੱਤ ਨਿਗਮ **ਪੀ.ਐੱਸ.ਸੀ.ਐੱਫ.ਸੀ.** ਵੱਲੋਂ ਵੰਡੇ ਗਏ ਸਾਰੇ ਕਰਜ਼ਿਆਂ ਲਈ ਨੇ, ਜਿਸ ਨਾਲ ਦਲਿਤ ਭਾਈਚਾਰਾ ਅਤੇ ਦਿਵਿਆਂਗ ਵਰਗ ਦੇ ਕਰਜ਼ਦਾਰਾਂ ਨੂੰ ਰਾਹਤ ਮਿਲੀ ਏ।

---------------------------------------------------

ਫ਼ੌਜ ਵਿਚ ਭਰਤੀ ਲਈ ਪੰਜਾਬ ਦੇ 6 ਜ਼ਿਲ੍ਹਿਆਂ ਪਟਿਆਲਾ, ਫ਼ਤਹਿਗੜ੍ਹ ਸਾਹਿਬ, ਸੰਗਰੂਰ, ਮਾਨਸਾ, ਬਰਨਾਲਾ ਤੇ ਮਾਲੇਰਕੋਟਲਾ ਦੇ ਲਿਖਤੀ ਪ੍ਰੀਖਿਆ ਪਾਸ ਕਰਨ ਵਾਲੇ ਉਮੀਦਵਾਰਾਂ ਦਾ ਫਿਜ਼ੀਕਲ ਟੈਸਟ ਪਟਿਆਲਾ ਵਿਚ **ਰਾਜਾ ਭਾਲਿੰਦਰ ਸਿੰਘ ਸਪੋਰਟਸ ਕੰਪਲੈਕਸ**, ਪੋਲੋ ਗਰਾਊਂਡ ਵਿਚ 31 ਜੁਲਾਈ ਤੋਂ ਸ਼ੁਰੂ ਹੋਵੇਗਾ। ਪਟਿਆਲਾ ਦੀ ਵਧੀਕ ਡਿਪਟੀ ਕਮਿਸ਼ਨਰ ਨਵਰੀਤ ਕੌਰ ਸੇਖੋਂ ਨੇ ਫ਼ੌਜ ਦੀ ਭਰਤੀ ਦੇ ਡਾਇਰੈਕਟਰ ਕਰਨਲ ਜੀ.ਆਰ.ਐਸ. ਰਾਜਾ ਤੇ ਹੋਰ ਅਧਿਕਾਰੀਆਂ ਨਾਲ ਇਸ ਸਬੰਧੀ ਅਹਿਮ ਮੀਟਿੰਗ ਕੀਤੀ। ਕਰਨਲ ਰਾਜਾ ਨੇ ਦੱਸਿਆ ਕਿ 31 ਜੁਲਾਈ ਤੋਂ 11 ਅਗਸਤ ਤੱਕ ਚੱਲਣ ਵਾਲੀ ਭਰਤੀ ਰੈਲੀ ਮੌਕੇ 6 ਜ਼ਿਲ੍ਹਿਆ ਦੇ 8 ਤੋਂ 9 ਹਜ਼ਾਰ ਨੌਜਵਾਨ ਸ਼ਾਮਲ ਹੋਣਗੇ, ਇਨ੍ਹਾਂ ਵਿੱਚੋਂ ਜਿਹੜੇ ਲਿਖਤੀ ਟੈਸਟ ਪਾਸ ਕਰ ਲੈਣਗੇ, ਉਨ੍ਹਾਂ ਦੇ ਸਰੀਰਕ ਮੁਲਾਂਕਣ ਲਈ ਜ਼ਿਲ੍ਹਾ ਵਾਰ ਰੋਸਟਰ ਬਣਾਇਆ ਜਾ ਰਿਹਾ ਏ।

---------------------------------------------------

ਭਾਰਤ ਅਤੇ ਇੰਗਲੈਂਡ ਦਰਮਿਆਨ ਐਂਡਰਸਨ-ਤੇਂਦੁਲਕਰ ਟਰਾਫੀ

ਸੀਰੀਜ਼ ਦਾ ਦੂਜਾ ਟੈਸਟ ਅੱਜ ਬਰਮਿੰਘਮ ਦੇ ਐਜਬੈਸਟਨ (Edgbaston) ਵਿਚ ਸ਼ੁਰੂ ਹੋਵੇਗਾ। ਮਹਿਮਾਨ ਭਾਰਤੀ ਟੀਮ ਦੇ ਕਪਤਾਨ ਸ਼ੁਭਮਨ ਗਿੱਲ ਨੇ ਜਸਪ੍ਰੀਤ ਬੁਮਰਾਹ ਦੀ ਉਪਲਬਧਤਾ ਬਾਰੇ ਪੁਸ਼ਟੀ ਕੀਤੀ ਏ, ਹਾਲਾਂਕਿ ਉਨ੍ਹਾਂ ਦੀ ਸ਼ਮੂਲੀਅਤ ਬਾਰੇ ਆਖ਼ਰੀ ਫੈਸਲਾ ਟੀਮ ਪ੍ਰਬੰਧਕਾਂ ਨੇ ਮੀਟਿੰਗ ਤੋਂ ਬਾਅਦ ਕਰਨਾ ਏ। ਦੂਜੇ ਪਾਸੇ, ਉਸੇ ਮੇਜ਼ਬਾਨ ਟੀਮ ਨੂੰ ਬਰਕਰਾਰ ਰੱਖਿਆ ਜਾਣਾ ਏ, ਜਿਸ ਨੇ ਹੈਡਿੰਗਲੇ, ਲੀਡਜ਼ ਵਿਚ ਲੜੀ ਦੇ ਪਹਿਲੇ ਮੈਚ ਵਿਚ 5 ਵਿਕਟਾਂ ਨਾਲ ਜਿੱਤ ਦਰਜ ਕੀਤੀ ਸੀ।